ਡਿਜੀਟਲ ਦੋਮਾਹੀ ਪੱਤਰ ਅੰਕ: 2, ਨੰ: 6 (ਨਵੰਬਰ-ਦਸੰਬਰ, 2022)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE'

Vol. 2 No. 6 (November- December, 2022)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਵਾਤਾਵਰਨ ਸੁਰੱਖਿਆ ਵੱਲ ਕਦਮ ਵਧਾਈਏ

ਪਸ਼ੂ ਪਾਲਕ ਵੀਰੋ ਅਤੇ ਭੈਣੋਂ,

ਖੱਟੀਆਂ ਮਿੱਠੀਆਂ ਯਾਦਾਂ ਦੇ ਨਾਲ ਇਹ ਵਰ੍ਹਾ ਵੀ ਲੰਘ ਚੱਲਿਆ ਹੈ। ਸਮਾਂ ਬਹੁਤ ਬਲਵਾਨ ਹੈ ਕਿਉਂਕਿ ਇਹ ਰੋਕਿਆ ਨਹੀਂ ਰੁਕਦਾ। ਭਾਈ ਵੀਰ ਸਿੰਘ ਤਾਂ ਹੀ ਲਿਖਦੇ ਹਨ:

"ਰਹੀ ਵਾਸਤੇ ਘੱਤ, ਸਮੇਂ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।
ਕਿਵੇਂ ਨਾ ਸਕੀ ਰੋਕ, ਅਟਕ ਜੋ ਪਾਈ ਭੰਨੀ।
ਤਿੱਖੇ ਆਪਣੇ ਵੇਗ ਗਿਆ, ਟੱਪ ਬੰਨੇ ਬੰਨੀ।"

ਸਾਲ ਭਰ ਦੇ ਸਮੇਂ ਵਿੱਚ ਅਸੀਂ ਬਹੁਤ ਕੁਝ ਦੇਖਿਆ ਤੇ ਅਨੁਭਵ ਕੀਤਾ। ਪਿਛਲੇ ਕੁਝ ਸਮੇਂ ਵਿੱਚ ਮਨੁੱਖਾਂ ਅਤੇ ਪਸ਼ੂਆਂ ਵਿੱਚ ਕਈ ਅਣਕਿਆਸੀਆਂ ਬਿਮਾਰੀਆਂ ਸਾਹਮਣੇ ਆਈਆਂ, ਜਿਹਨਾਂ ਨੇ ਕੋਰੋਨਾ ਕਾਰਨ ਸਹਿਮੇ ਲੋਕਾਂ ਵਿੱਚ ਹੋਰ ਡਰ ਪੈਦਾ ਕਰ ਦਿੱਤਾ। ਇਹਨਾਂ ਬਿਮਾਰੀਆਂ ਵਿੱਚ ਮੰਕੀ ਪਾਕਸ, ਬੱਚਿਆਂ ਵਿੱਚ ਮੂੰਹ-ਹੱਥ-ਪੈਰ ਦੀ ਬਿਮਾਰੀ, ਲਵੇਰਿਆਂ ਵਿੱਚ ਲੰਪੀ ਚਮੜੀ ਰੋਗ ਆਦਿ ਪ੍ਰਮੁੱਖ ਹਨ। ਹੁਣੇ- ਹੁਣੇ ਘੋੜਿਆਂ ਵਿੱਚ ਵੀ ਹਰਪਿਸ ਵਾਇਰਸ ਨਾਲ ਹੋਣ ਵਾਲੇ ਇੱਕ ਦਿਮਾਗੀ ਰੋਗ ਮਾਇਲੋਇਨਸਿਫ਼ੈਲੋਪੈਥੀ ਦੇ ਕੇਸ ਵੀ ਮਾਲਵੇ ਇਲਾਕੇ ਵਿੱਚ ਸਾਹਮਣੇ ਆਏ ਹਨ।

ਇਹਨਾਂ ਨਵੇਂ- ਨਵੇਂ ਵਿਸ਼ਾਣੂਆਂ ਦੇ ਪਨਪਣ ਦਾ ਕਾਰਨ ਵਾਤਾਵਰਨ ਵਿਚਲੀ ਤਬਦੀਲੀ ਮੰਨਿਆ ਜਾ ਰਿਹਾ ਹੈ ਭਾਵੇਂ ਕਿ ਹਲੇ ਛਾਣਬੀਨ ਚੱਲ ਰਹੀ ਹੈ। ਪਰ ਇੱਥੇ ਇੱਕ ਗੱਲ ਹੈ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ। ਅਸੀਂ ਸਾਰੇ ਵਾਤਾਵਰਨ ਵਿਚਲੀ ਤਬਦੀਲੀ ਮਹਿਸੂਸ ਕਰ ਰਹੇ ਹਾਂ ਪਰ ਫ਼ਿਰ ਵੀ ਅਸੀਂ ਵਾਤਾਵਰਨ ਸਾਫ਼ ਰੱਖਣ ਲਈ ਸੁਚੇਤ ਨਹੀਂ ਹੋ ਰਹੇ। ਪਰਾਲੀ ਨੂੰ ਅੱਗ ਲਗਾਉਣ ਵਾਲਾ ਦਸਤੂਰ ਜਾਰੀ ਹੈ ਭਾਵੇਂ ਕਿ ਸਰਕਾਰੀ ਅਦਾਰੇ ਪੂਰਾ ਜ਼ੋਰ ਲਗਾ ਰਹੇ ਹਨ।

ਸਾਥੀਉ, ਆਓ ਆਪਣੇ ਚੌਗਿਰਦੇ ਨੂੰ ਬਚਾਉਣ ਲਈ ਉੱਦਮ ਕਰੀਏ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਵਿੱਚ ਸਾਫ਼ ਸੁਥਰਾ ਵਾਤਾਵਰਨ ਦੇ ਸਕੀਏ। (ਸੰਪਾਦਕ)

## ਯੂਨੀਵਰਸਿਟੀ ਵੱਲੋਂ ਪਸ਼ੂ ਪਾਲਣ ਮੇਲੇ ਦਾ ਆਯੋਜਨ

ਸਤੰਬਰ ਦੇ ਮਹੀਨੇ ਵਿੱਚ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ 23 ਅਤੇ 24 ਸਤੰਬਰ 2022 ਨੂੰ ਲੁਧਿਆਣਾ ਵਿਖੇ 'ਪਸ਼ੂ ਪਾਲਣ ਮੇਲਾ' ਲਗਾਇਆ ਗਿਆ। ਮੇਲੇ ਦਾ ਉਦਘਾਟਨ ਮਾਣਯੋਗ ਮੁੱਖ ਮੰਤਰੀ ਪੰਜਾਬ, ਸ. ਭਗਵੰਤ ਸਿੰਘ ਮਾਨ ਨੇ ਕੀਤਾ। ਖੇਤੀਬਾੜੀ ਅਤੇ ਪੰਚਾਇਤ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਅਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਅਤੇ ਟ੍ਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਵਿਸ਼ੇਸ਼ ਮਹਿਮਾਨ ਵਜੋਂ ਮੇਲੇ ਵਿੱਚ ਸ਼ਿਰਕਤ ਕੀਤੀ। ਮੇਲੇ ਦੇ ਦੂਸਰੇ ਦਿਨ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ। ਮੇਲੇ ਦੌਰਾਨ ਯੂਨੀਵਰਸਿਟੀ ਦੇ ਵਿਭਾਗਾਂ, ਕ੍ਰਿਸ਼ੀ ਵਿਗਿਆਨ ਕੇਂਦਰ ਤੇ ਖੇਤੀ ਖੋਜ ਅਤੇ ਸਿਖਲਾਈ ਕੇਂਦਰਾਂ ਵੱਲੋਂ ਵਿਗਿਆਨਕ ਤਕਨੀਕਾਂ ਦੀ ਪ੍ਰਦਰਸ਼ਨੀ ਲਗਾਈ ਗਈ।






## ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਮੇਲੇ

ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਹੰਡਿਆਇਆ (ਬਰਨਾਲਾ), ਪੱਟੀ (ਤਰਨ ਤਾਰਨ) ਅਤੇ ਖਿਜ਼ਰਾਬਾਦ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਕਰਵਾਏ ਗਏ। ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਇੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਨਾਲ ਜਿੱਥੇ ਜ਼ਮੀਨ ਵਿੱਚ ਜ਼ਰੂਰੀ ਤੱਤਾਂ ਦਾ ਨੁਕਸਾਨ ਹੁੰਦਾ ਹੈ, ਉੱਥੇ ਹੀ ਇਸ ਨਾਲ ਬੇਸ਼ਕੀਮਤੀ ਆਕਸੀਜਨ ਵੀ ਕਾਰਬਨਡਾਇਕਸਾਈਡ ਗੈਸ ਵਿੱਚ ਤਬਦੀਲ ਹੋ ਜਾਂਦੀ ਹੈ। ਇਸ ਨਾਲ ਭਵਿੱਖ ਵਿੱਚ ਦੁਨੀਆਂ ਲਈ ਬਹੁਤ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ। ਡਾ. ਪਰਕਾਸ਼ ਸਿੰਘ ਬਰਾੜ, ਨਿਰਦੇਸ਼ਕ ਪਸਾਰ ਸਿੱਖਿਆ ਨੇ ਕਿਹਾ ਕਿ ਪਰਾਲੀ ਨੂੰ ਪਸ਼ੂਆਂ ਦੀ ਖੁਰਾਕ ਵਿੱਚ ਕਾਮਯਾਬੀ ਨਾਲ ਵਰਤਿਆ ਜਾ ਸਕਦਾ ਹੈ। ਇਹਨਾਂ ਮੇਲਿਆਂ ਵਿੱਚ ਹਜ਼ਾਰਾਂ ਕਿਸਾਨਾਂ ਨੇ ਪਰਾਲੀ ਨੂੰ ਅੱਗ ਨਾ ਲਾਉਣ ਦਾ ਨਿਸਚਾ ਕੀਤਾ।





## ਦੁੱਧ ਅਤੇ ਦੁੱਧ ਉਤਪਾਦਾਂ ਦੇ ਐਫ.ਐਸ.ਐਸ.ਏ.ਆਈ ਨੰਬਰ

ਐਫ.ਐਸ.ਐਸ.ਏ.ਆਈ. ਦਾ ਭਾਵ ਫੂਡ ਸੇਫਟੀ ਅਤੇ ਸਟੈਂਡਰਡ ਅਥਾੱਰਟੀ ਆੱਫ ਇੰਡਿਆ ਹੈ ਜੋ ਕਿ ਭਾਰਤ ਵਿੱਚ ਭੋਜਨ ਪਦਾਰਥਾਂ ਨਾਲ ਸੰਬੰਧਿਤ ਮਾਪਕ ਨਿਰਧਾਰਿਤ ਕਰਦੀ ਹੈ ਅਤੇ ਉਹਨ੍ਹਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਂਦੀ ਹੈ। ਇਸ ਦੀ ਸਥਾਪਨਾ ਸਾਲ 2008 ਵਿੱਚ ਕੀਤੀ ਗਈ ਸੀ ਅਤੇ 2011 ਇਸ ਨੂੰ ਭਾਰਤ ਵਿੱਚ ਲਾਗੂ ਕੀਤਾ ਗਿਆ ਸੀ। ਇਸ ਕਾਨੂੰਨ ਦੇ ਬਨਣ ਤੋਂ ਪਹਿਲਾਂ ਦੇਸ਼ ਵਿਚ ਭੋਜਨ ਪਦਾਰਥਾਂ ਸੰਬੰਧਿਤ 9 ਵੱਖ-ਵੱਖ ਤਰ੍ਹਾਂ ਦੇ ਕਾਨੂੰਨ ਸਨ। ਜਿਸ ਕਰਕੇ ਉਤਪਾਦਕਾਂ ਅਤੇ ਖਪਤਕਾਰਾਂ ਨੂੰ ਸਮਝ ਹੀ ਨਹੀਂ ਆਉਂਦਾ ਸੀ ਕਿ ਕਿਹੜੇ ਕਾਨੂੰਨ ਦੀ ਪਾਲਣਾ ਕਰਨੀ ਹੈ ਅਤੇ ਕਿੱਥੇ ਸ਼ਿਕਾਇਤ ਦਰਜ਼ ਕਰਾਉਣੀ ਹੈ। ਇਸ ਕਰਕੇ ਐਫ.ਐਸ.ਐਸ.ਏ.ਆਈ. ਦਾ ਮੰਤਵ ਸੀ ਕਿ ਦੇਸ਼ ਵਿੱਚ ਚੱਲ੍ਹ ਰਹੇ ਵੱਖ-ਵੱਖ ਕਾਨੂੰਨਾਂ ਦੀ ਜਗ੍ਹਾ ਤੇ ਇੱਕ ਹੀ ਕਾਨੂੰਨ ਹੋਵੇ, ਜਿਸ ਨੂੰ ਇੱਕ ਹੀ ਵਿਭਾਗ ਨਿਯੰਤਰਣ ਕਰੇ।

ਐਫ.ਐਸ.ਐਸ.ਏ.ਆਈ. ਦਾ ਮਿਸ਼ਨ ਭੋਜਨ ਦੇ ਵਿਸ਼ਵ ਪਧੱਰ ਤੇ ਮਾਪਕ ਨਿਰਧਾਰਿਤ ਕਰਨਾ ਅਤੇ ਭੋਜਨ ਕਾਰੋਬਾਰੀਆਂ ਨੂੰ ਇਹਨਾਂ ਮਿਆਰਾਂ ਦੀ ਪਾਲਣਾ ਕਰਨ ਅਤੇ ਚੰਗੀ ਨਿਰਮਾਣ ਅਤੇ ਸਫਾਈ ਅਭਿਆਸਾਂ ਨੂੰ ਅਪਨਾਉਣ ਲਈ ਉਤਸ਼ਾਹਿਤ ਕਰਨਾ ਅਤੇ ਯਕੀਨੀ ਬਨਾਉਣਾ ਹੈ।

**ਦੁੱਧ ਅਤੇ ਦੁੱਧ ਉਤਪਾਦਾਂ ਦੇ ਐਫ.ਐਸ.ਐਸ.ਏ.ਆਈ. ਮਾਪਕ** : ਐਫ.ਐਸ.ਐਸ.ਏ.ਆਈ. ਨਿਯਮ ਅਨੁਸਾਰ ਦੁੱਧ ਉਹ ਹੈ, ਜਿਸ ਨੂੰ ਇੱਕ ਸਿਹਤਮੰਦ ਜਾਨਵਰ ਤੋਂ ਚੋਇਆ ਗਿਆ ਹੋਵੇ ਅਤੇ ਉਸ ਵਿੱਚੋਂ ਨਾ ਹੀ ਕੁਝ ਕੱਢਿਆ ਹੋਵੇ ਅਤੇ ਨਾ ਹੀ ਉਸ ਵਿੱਚ ਕਿਸੇ ਤਰ੍ਹਾਂ ਦੀ ਮਿਲਾਵਟ ਕੀਤੀ ਹੋਵੇ। ਇਸ ਨਿਯਮ ਦੇ ਅਨੁਸਾਰ ਦੁੱਧ ਦੀਆਂ ਵੱਖ-ਵੱਖ ਵਰਗਾਂ ਵਿੱਚ ਫੈਟ ਅਤੇ ਐਸ.ਐਨ.ਐਫ. (ਫੈਟ ਅਤੇ ਪਾਣੀ ਨੂੰ ਛੱਡ ਕੇ ਬਾਕੀ ਸਾਰੇ ਤੱਤ) ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ-

| | ਫੈਟ (ਘੱਟੋ-ਘੱਟ,%) | ਐਸ.ਐਨ.ਐਫ. (ਘੱਟੋ-ਘੱਟ,%) |
|---|---|---|
| ਮੱਝ ਦਾ ਦੁੱਧ | 5.0 | 9.0 |
| ਗਾਂ ਦਾ ਦੁੱਧ | 3.2 | 8.3 |
| ਬੱਕਰੀ ਦਾ ਦੁੱਧ | 3.0 | 8.0 |
| ਭੇਡ ਦਾ ਦੁੱਧ | 3.0 | 8.0 |
| ਊਂਠਣੀ ਦਾ ਦੁੱਧ | 2.0 | 6.0 |
| ਮਿਕਸਡ ਦੁੱਧ | 4.5 | 8.5 |
| ਸਟੈਂਡਰਡਾਇਜ਼ਡ ਦੁੱਧ | 4.5 | 8.5 |
| ਟੋਨਡ ਦੁੱਧ | 3.0 | 8.5 |
| ਡਬਲ ਟੋਨਡ ਦੁੱਧ | 1.5 | 9.0 |
| ਸਕਿਮਡ ਦੁੱਧ | 0.5 | 8.7 |
| ਫੁਲ ਫੈਟ ਵਾਲੀ ਦੁੱਧ | 6.0 | 9.0 |



**ਪਨੀਰ** : ਪਨੀਰ ਦਾ ਮਤਲਬ ਹੈ, ਐਫ.ਐਸ.ਐਸ.ਏ.ਆਈ. ਦੁਆਰਾ ਵੰਡੀਆਂ ਗਈਆਂ ਦੁੱਧ ਦੀ ਕਿਸੇ ਵੀ ਕਲਾਸ ਤੋਂ ਉਸ ਨੂੰ ਗਰਮ ਕਰਕੇ ਅਤੇ ਐਫ.ਐਸ.ਐਸ.ਏ.ਆਈ. ਦੁਆਰਾ ਨਿਰਧਾਰਿਤ ਐਸਿਡੂਲੈਂਟਸ ਦੀ ਵਰਤੋਂ ਕਰਕੇ ਬਣਾਇਆ ਜਾਣ ਵਾਲਾ ਪਦਾਰਥ। ਪਨੀਰ ਬਨਾਉਣ ਲਈ ਐਫ.ਐਸ.ਐਸ.ਏ.ਆਈ. ਦੁਆਰਾ ਨਿਰਧਾਰਿਤ ਐਸਿਡੂਲੈਂਟਸ ਲੈਕਟਿਕ ਐਸਿਡ, ਸਿਟਰਿਕ ਐਸਿਡ, ਮੈਲਿਕ ਐਸਿਡ, ਸਿਰਨਾ, ਗਲੂਕੋਜ਼ ਡੇਲਟਾ ਲੈਕਟੋਸ ਅਤੇ ਖੱਟਾ ਪਨੀਰ ਦਾ ਪਾਣੀ ਹਨ।

| | ਪਨੀਰ | ਮੱਧਮ ਫੈਟ ਵਾਲਾ ਪਨੀਰ | ਘੱਟ ਫੈਟ ਵਾਲਾ ਪਨੀਰ |
|---|---|---|---|
| ਨਮੀਂ, %ਵੱਧ ਤੋਂ ਵੱਧ | 60 | 60 | 70 |
| ਫੈਟ, % ਠੋਸ ਪਦਾਰਥਾਂ ਦੇ ਆਧਾਰ ਤੇ | 50% | 20 ਤੋਂ ਵੱਧ ਅਤੇ 50 ਤੋਂ ਘੱਟ | ਵੱਧ ਤੋਂ ਵੱਧ 20 |

**ਖੋਆ** : ਖੋਆ ਜਾਂ ਫਿਰ ਕੋਈ ਵੀ ਹੋਰ ਨਾਂਮ, ਜਿਵੇਂ ਕਿ ਮਾਵਾ ਆਦਿ ਦਾ ਭਾਵ ਹੈ ਕਿ, ਦੁੱਧ ਦੇ ਕਿਸੇ ਵੀ ਕਲਾਸ ਤੋਂ ਅੰਸ਼ਿਕ ਤੌਰ ਤੇ ਪਾਣੀ ਦੀ ਮਾਤਰਾ ਨੂੰ ਨਿਯੰਤਰਿਤ ਹਾਲਤਾਂ ਵਿੱਚ ਗਰਮ ਕਰਕੇ ਘਟਾਉਣ ਤੋਂ ਬਾਅਦ ਪ੍ਰਾਪਤ ਹੋਇਆ ਉਤਪਾਦ। ਐਫ.ਐਸ.ਐਸ.ਏ.ਆਈ. ਨਿਯਮ ਅਨੁਸਾਰ ਖੋਆ ਦੀ ਰਚਨਾਤਮਕ ਵਿਸ਼ੇਸਤਾ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ –

| | |
|---|---|
| ਠੋਸ ਪਦਾਰਥ | 55% (ਘੱਟੋ-ਘੱਟ) |
| ਫੈਟ | 30% ਘੱਟੋ-ਘੱਟ ਠੋਸ ਪਦਾਰਥਾਂ ਦੇ ਆਧਾਰ ਤੇ |
| ਖਣਿਜ ਪਦਾਰਥ | 6% ਵੱਧ ਤੋਂ ਵੱਧ |
| ਐਸਿਡਿਟੀ | 0.9% ਲੈਕਟਿਕ ਐਸਿਡ ਵੱਧ ਤੋਂ ਵੱਧ |




**ਘਿਓ** : ਘਿਓ ਦਾ ਭਾਵ ਹੈ, ਦੁੱਧ ਵਿੱਚੋਂ ਪਾਣੀ ਅਤੇ ਬਾਕੀ ਠੋਸ ਪਦਾਰਥ (ਐਸ.ਐਨ.ਐਫ.) ਨੂੰ ਕੱਢ ਕੇ ਬਣਿਆ ਪਦਾਰਥ।

| | |
|---|---|
| ਨਮੀਂ, ਵੱਧ ਤੋਂ ਵੱਧ | 0.5% |
| ਫੈਟ, ਘੱਟੋ-ਘੱਟ | 99.5% |
| ਬੀ.ਆਰ. ਰਿਡਿੰਗ (400ਫ਼) ਤੇ | 40-43.0 (ਪੰਜਾਬ ਵਿੱਚ) |
| ਆਰ.ਐਸ. ਰਿਡਿੰਗ | 28.0 (ਪੰਜਾਬ ਵਿੱਚ) |
| ਐਫ.ਐਫ.ਏ. | 3.0% |
| ਬਾਡੋਇਨ ਟੈਸਟ | ਨੈਗੇਟਿਵ |



(ਡਾ. ਇੰਦਰਪ੍ਰੀਤ ਕੌਰ)

# ਮੱਛੀ ਪਾਲਕਾਂ ਅਤੇ ਮਛੇਰੇ ਭਾਈਚਾਰੇ ਲਈ ਸ਼ੁਭ ਕਾਮਨਾਵਾਂ ਅਤੇ ਸੰਦੇਸ਼

*ਮੀਰਾ ਡੀ. ਅਂਸਲ, ਫਿਸ਼ਰੀਜ਼ ਕਾਲਜ*











ਜਲਜੀਵਾਂ ਦਾ ਸੰਸਾਰ ਹੈ ਬੜਾ ਵਿਸ਼ਾਲ ਅਤੇ ਸੁੰਦਰ,
ਬੁਹਪੱਖੀ ਗੁਣ ਛਿਪੇ ਹਨ ਇਸ ਦੇ ਅੰਦਰ।
ਮੱਛੀਆਂ ਰੰਗ ਬਿਰੰਗੀਆਂ ਮਨ ਨੂੰ ਮੋਹ ਲੈਂਦੀਆਂ,
ਪਾਣੀ ਨੂੰ ਸਾਫ ਰੱਖਦੀਆਂ ਤੇ ਪ੍ਰਦੂਸ਼ਣ ਵੀ ਘੱਟਾਉਂਦੀਆਂ।
ਮਨੁੱਖ ਅਤੇ ਪਸ਼ੂ-ਪੰਛੀਆਂ ਦੀ ਭੁੱਖ ਇਹ ਮਿਟਾਉਣ,
ਕੁਪੋਸ਼ਣ ਹਟਾਉਣ'ਚ ਵੀ ਇੱਕ ਮੁੱਖ ਭੂਮਿਕਾ ਨਿਭਾਉਣ।
ਰੰਗੀਨ ਮੱਛੀਆਂ ਦੀ ਬੜੀ ਮਨਮੋਹਕ ਹੈ ਦੁਨੀਆ,
ਆਕਰਸ਼ਿਤ ਕਰ ਕੇ ਤਣਾਅ ਮੁਕਤ ਕਰ ਦਿੰਦੀਆਂ।
ਸੰਸਾਰ ਵਿੱਚ ਕਰੋੜਾਂ ਲੋਕਾਂ ਨੂੰ ਇਹਨਾਂ ਰੁਜ਼ਗਾਰ ਦਿੱਤਾ,
ਪੇਂਡੂ ਭਾਈਚਾਰੇ ਦਾ ਸਮਾਜਿਕ ਆਰਥਿਕ ਵਿਕਾਸ ਕੀਤਾ।
ਮੱਛੀ ਪਾਲਕਾਂ ਅਤੇ ਮਛੇਰੇ ਭਾਈਚਾਰੇ ਦੀ ਹਨ ਇਹ ਜਾਨ,
ਜਲ-ਜੀਵਾਂ ਨਾਲ ਹੀ ਹੈ ਇਹਨਾਂ ਸਭਨਾ ਦੀ ਪਹਿਚਾਨ।
ਸਮੁੰਦਰਾਂ, ਨਦੀਆਂ, ਨਹਿਰਾਂ, ਝੀਲਾਂ ਅਤੇ ਤਲਾਅ,
ਨਾ ਕਰਨਾ ਵੱਧ ਸ਼ੋਸ਼ਣ ਅਤੇ ਲਾਪਰਵਾਹੀ ਨਾਲ ਤਬਾਹ।
ਆਓ ! ਜ਼ਿਮੇਵਾਰੀ ਨਾਲ ਇਹਨਾਂ ਸਰੋਤਾਂ ਦੀ ਕਰੀਏ ਸੰਭਾਲ,
ਵਰਤੀਏ ਇਹਨਾਂ ਨੂੰ ਰੋਜ਼ੀ-ਰੋਟੀ ਲਈ, ਪਰ ਧਿਆਨ ਨਾਲ।
ਜੇ ਕਰਾਂਗੇ ਵਾਤਾਵਰਣ ਨੂੰ ਦੂਸ਼ਿਤ ਅਤੇ ਨਸ਼ਟ,
ਆਉਣ ਵਾਲੀਆਂ ਨਸਲਾਂ ਨੂੰ ਹੋਵੇਗਾ ਬੜਾ ਕਸ਼ਟ।
ਸਿਹਤਮੰਦ ਸਰੋਤਾਂ ਤੋਂ ਹੀ ਮਿਲਣਗੇ ਸੁਰੱਖਿਅਤ ਜਲਜੀਵ,
ਹਰ ਹਾਲ ਕਾਇਮ ਰੱਖਣਾ, ਨਾ ਕਰਨਾ ਪਵੇ ਮੁੜ ਸੰਜੀਵ।
ਕੁਦਰਤ ਦੀ ਬਖਸ਼ਿਸ਼ ਹੈ ਭਰਪੂਰ ਆਨੰਦ ਲਇਓ,
ਜਲਜੀਵ ਭਾਵੇਂ ਪਾਲੋ ਭਾਵੇਂ ਫੜੋ, ਪਰ ਬਰਬਾਦ ਨਾ ਕਰਿਓ।
ਆਓ ! ਵਿਸ਼ਵ ਫਿਸ਼ਰੀਜ਼ ਦਿਵਸ ਤੇ ਇਹ ਸੰਕਲਪ ਲਈਏ,
ਧੀਆਂ ਪੁੱਤਰਾਂ ਵਾਂਗ ਅਪਣੇ ਜਲ ਸਰੋਤਾਂ ਦੀ ਸਾਂਭ-ਸੰਭਾਲ ਕਰੀਏ।
ਕਰੇ ਦਿਨ ਦੁੱਗਣੀ ਰਾਤ ਚੋਗੁਣੀ ਤਰੱਕੀ ਸਾਡਾ ਪੰਜਾਬ,
ਰਹਿਣ ਸਦਾ ਵੱਗਦੇ ਇਸਦੇ ਪੰਜੇ ਪਾਵਨ ਆਬ।

**ਵਿਸ਼ਵ ਫਿਸ਼ਰੀਜ਼ ਦਿਵਸ**
**21 ਨਵੰਬਰ**







# ਮਸਨੂਈ ਗਰਭਦਾਨ ਦੇ ਬਾਵਜੂਦ ਲਵੇਰੀਆਂ ਦਾ ਵਾਰ ਵਾਰ ਹੇਹੇ ਵਿਚ ਆਉਣਾ

ਤੰਦਰੁਸਤ ਲਵੇਰੀਆਂ ਆਮ ਤੌਰ ਤੇ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਤੇ ਗੱਭਣ ਰਹਿ ਜਾਂਦੀਆਂ ਹਨ। ਪ੍ਰੰਤੂ ਕਈ ਲਵੇਰੀਆਂ ਵਿਚ ਲਗਾਤਾਰ ਤਿੰਨ ਹੇਹਿਆਂ ਦੌਰਾਨ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਤੇ ਵੀ ਸਫਲਤਾ ਨਹੀਂ ਮਿਲਦੀ। ਉਹ ਹਰੇਕ ਹੇਹਾ ਚੱਕਰ ਪੂਰਾ ਕਰਨ ਤੇ ਬੋਲ ਪੈਂਦੀਆਂ ਹਨ। ਅਜਿਹੀਆਂ ਲਵੇਰੀਆਂ ਫਾਰਮ ਦੀ ਆਰਥਿਕਤਾ ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ। ਇਸਦੇ ਕਈ ਕਾਰਣ ਹੋ ਸਕਦੇ ਹਨ।

**1. ਜੱਦੀ ਕਾਰਣ**

- ਲਵੇਰੀ ਦੇ ਅੰਦਰੂਨੀ ਜਨਣ ਅੰਗਾਂ ਵਿਚ ਜੱਦੀ ਨੁਕਸ
- ਅੰਡੇ ਜਾਂ ਸ਼ੁਕਰਾਣੂਆਂ ਵਿਚ ਕੋਈ ਜੱਦੀ ਨੁਕਸ
- ਕਰੀਬੀ ਰਿਸ਼ਤੇਦਾਰੀ ਵਿਚ ਮਿਲਾਪ
- ਆਂਡੇ ਅਤੇ ਸ਼ੁਕਰਾਣੂ ਦੇ ਮੇਲ ਸਮੇਂ ਕ੍ਰੋਮੋਸੋਮ ਵਿਚ ਕਿਸੇ ਕਿਸਮ ਦਾ ਨੁਕਸ ਪੈ ਜਾਣਾ

**2. ਮਸਨੂਈ ਗਰਭਦਾਨ ਨਾਲ ਸਬੰਧਤ ਕਾਰਣ**

- ਵੀਰਜ ਦੀ ਮਾੜੀ ਕੁਆਲਿਟੀ
- ਟੀਕੇ ਤਿਆਰ ਕਰਨ ਵਾਲੇ ਸਾਨ੍ਹ ਦੀ ਪ੍ਰਜਨਣ ਯੋਗਤਾ ਦਾ ਘੱਟ ਹੋਣਾ
- ਨੁਕਸ ਵਾਲੇ ਸ਼ੁਕਰਾਣੂਆਂ ਦੀ ਜਿਆਦਾ ਗਿਣਤੀ
- ਸ਼ੁਕਰਾਣੂਆਂ ਦੀ ਹੱਲਚਲ ਦਾ ਘੱਟਣਾ
- ਸਹੀ ਹੇਹਾ ਲੱਭਣ ਵਿਚ ਗਲਤੀ
  - ਮਸਨੂਈ ਗਰਭਦਾਨ ਦੀ ਟੀਕਾ ਬਹੁਤ ਜਲਦੀ ਲੱਗਣਾ
  - ਮਸਨੂਈ ਗਰਭਦਾਨ ਦੀ ਟੀਕਾ ਬਹੁਤ ਦੇਰ ਬਾਅਦ ਲੱਗਣਾ
- ਮਸਨੂਈ ਗਰਭਦਾਨ ਦੀ ਵਿਧੀ ਵਿਚ ਤਰੁਟੀ
  - ਵੀਰਜ ਵਾਲੇ ਸਿਲੰਡਰ ਵਿਚ ਗੈਸ ਦਾ ਨਾ ਹੋਣਾ
  - ਸਿਲੰਡਰ ਵਿਚੋਂ ਟੀਕਾ ਬਾਹਰ ਕੱਢਣ ਵਿਚ ਗਲਤੀ
  - ਟੀਕਾ ਪਿੰਘਲਾਉਣ ਵਿਚ ਗਲਤੀ
  - ਟੀਕਾ, ਟੀਕੇ ਵਾਲੀ ਸਿਲਾਈ ਵਿਚ ਪਾਉਣ ਸਮੇਂ ਗਲਤੀ
  - ਟੀਕੇ ਦੀ ਸੀਲ ਕੱਟਣ ਵਿਚ ਗਲਤੀ
  - ਟੀਕੇ ਵਾਲੀ ਸਿਲਾਈ ਉੱਪਰ ਪਲਾਸਟਿਕ ਦੀ ਗਲਤ ਪਾਈਪ ਚੜਾਉਣਾ
  - ਪਲਾਸਟਿਕ ਦੀ ਪਾਈਪ ਨੂੰ ਸਥਿਰ ਨਾ ਕਰਨਾ
  - ਟੀਕਾ ਲਗਾਉਣ ਸਮੇਂ ਲਵੇਰੀ ਨੂੰ ਕਾਬੂ ਕਰਨ ਵਿਚ ਗਲਤੀ
  - ਟੀਕਾ ਲਗਾਉਣ ਸਮੇਂ ਸੂਅ ਨੂੰ ਸਾਫ ਨਾ ਕਰਨਾ
  - ਟੀਕਾ, ਧੁੱਪ ਵਿਚ ਤਿਆਰ ਕਰਨਾ ਅਤੇ ਲਗਾਉਣਾ
  - ਟੀਕਾ ਲਗਾਉਣ ਸਮੇਂ ਵੀਰਜ ਗਲਤ ਜਗ੍ਹਾ ਉੱਪਰ ਛੱਡਣਾ

**3. ਵਾਤਾਵਰਣ ਅਤੇ ਸਾਂਭ-ਸੰਭਾਲ ਨਾਲ ਸਬੰਧਤ ਕਾਰਣ**

- ਅੱਤ ਦੀ ਗਰਮੀ (ਜੇਠ-ਹਾੜ ਸਮੇਂ)
- ਕੜਾਕੇ ਦੀ ਠੰਡ (ਪੋਹ-ਮਾਘ ਸਮੇਂ)
- ਖੁਰਾਕ/ਪੱਠਿਆਂ ਦੀ ਮਾੜੀ ਕੁਆਲਿਟੀ (ਜ਼ਰੂਰੀ ਤੱਤਾਂ ਦੀ ਘਾਟ/ਵਾਧ)
- ਖੁਰਾਕੀ ਅੰਸ਼ਾਂ ਦੁਆਰਾ ਕਿਸੇ ਕਿਸਮ ਦਾ ਜਹਿਰਵਾ
- ਲਵੇਰੀਆਂ ਦਾ ਅਣਸੁਖਾਵਾਂ ਸ਼ੈੱਡ

**4. ਅੰਦਰੂਨੀ ਜਨਣ ਅੰਗਾਂ ਨਾਲ ਸਬੰਧਤ ਕਾਰਣ**

- ਅੰਡੇਦਾਨੀ ਤੋਂ ਅੰਡੇ ਦਾ ਨਾ ਡਿਗਣਾ
- ਹੇਹੇ ਦੌਰਾਨ ਅੰਡੇਦਾਨੀ ਤੋਂ ਅੰਡੇ ਦਾ ਬਹੁਤ ਦੇਰ ਬਾਅਦ ਡਿਗਣਾ
- ਅੰਡੇਦਾਨੀ ਦਾ ਨਾਲ ਲੱਗਦੇ ਹਿੱਸਿਆਂ ਨਾਲ ਜੁੜ ਜਾਣਾ
- ਅੰਡੇਦਾਨੀ ਉੱਪਰ ਛਾਲਾ
- ਅੰਡਨਲੀ ਜਾਂ ਬੱਚੇਦਾਨੀ ਵਿਚ ਕਿਸੇ ਕਿਸਮ ਦੀ ਸੋਜ
- ਅੰਡਨਲੀ ਦਾ ਬੰਦ ਹੋ ਜਾਣਾ
- ਬੱਚੇਦਾਨੀ ਅੰਦਰ ਅਣਸੁਖਵਾਂ ਵਾਤਾਵਰਣ

(ਡਾ. ਰਾਕੇਸ਼ ਕੁਮਾਰ ਸ਼ਰਮਾ)

# ਐਂਟੀਮਾਈਕ੍ਰੋਬੀਅਲ ਰੇਸਿਸਟੈਂਸ



**ਐਂਟੀਬਾਇਓਟਿਕਸ (ਰੋਗਾਣੂ ਨਾਸ਼ਕ )**
ਉਹ ਦਵਾਈਆਂ ਜੋ ਬਿਮਾਰੀ ਪੈਦਾ ਕਰਣ ਵਾਲੇ ਰੋਗਾਣੂਆਂ ਦਾ ਨਾਸ਼ ਕਰਦੀਆਂ ਹਨ



**ਐਂਟੀਮਾਈਕ੍ਰੋਬੀਅਲ ਰੇਸਿਸਟੈਂਸ (ਰੋਗਾਣੂ ਨਾਸ਼ਕ ਪ੍ਰਤੀਰੋਧਣ )**
ਇਹ ਸੂਖਮ ਜੀਵਾਂ ਦੀ ਰੋਗਾਣੂਨਾਸ਼ਕ ਦਵਾਈਆਂ ਦੇ ਇਲਾਜ ਦੇ ਬਾਵਜੂਦ ਜੀਉਂਦੇ ਰਹਿਣ ਦੀ ਯੋਗਤਾ ਹੈ। ਇਹ ਮਨੁੱਖੀ ਅਤੇ ਜਾਨਵਰਾਂ ਦੀ ਸਿਹਤ ਲਈ ਗੰਭੀਰ ਖਤਰਾ ਹੈ।

## ਐਂਟੀਬਾਇਓਟਿਕਸ ਦਵਾਈਆਂ ਬਾਰੇ ਪਤਾ ਹੋਣ ਵਾਲੇ ਤੱਤ


ਐਂਟੀਬਾਇਓਟਿਕਸ ਹਮੇਸ਼ਾ ਬਿਮਾਰੀ ਦਾ ਜਵਾਬ ਨਹੀਂ ਹੁੰਦੇ



ਇਹ ਰੋਧਕ ਬੈਕਟੀਰੀਆ ਬਣਾਉਂਦਾ ਹੈ



ਸਿਰਫ ਕੁਝ ਬੈਕਟੀਰੀਆ ਸੰਬੰਧੀ ਬਿਮਾਰੀਆਂ ਲਈ



ਇਹ ਵਾਇਰਸਾਂ 'ਤੇ ਕੰਮ ਨਹੀਂ ਕਰਦੇ

## ਰੋਗਾਣੂਨਾਸ਼ਕ ਪ੍ਰਤੀਰੋਧਣ ਉਭਰਣ ਦੇ ਕਾਰਣ



ਐਂਟੀਬਾਇਓਟਿਕਸ ਦੀ ਆਸਾਨ ਉਪਲਬਧਤਾ



ਡਾਕਟਰ ਦੇ ਦੱਸੇ ਅਨੁਸਾਰ ਰੋਗਾਣੂਨਾਸ਼ਕ ਨਾ ਲੈਣਾ



ਪਸ਼ੂਆਂ ਵਿਚ ਰੋਗਾਣੂਨਾਸ਼ਕਾਂ ਦੀ ਬੇਲੋੜੀ ਵਰਤੋਂ



ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਬਿਮਾਰੀਆਂ ਦਾ ਮਾੜਾ ਨਿਯੰਤਰਣ



ਘੱਟ ਸਫਾਈ ਅਤੇ ਸਵੱਛਤਾ ਅਭਿਆਸ



ਤੇਜ਼ ਪ੍ਰਯੋਗਸ਼ਾਲਾ ਟੈਸਟਾਂ ਦੀ ਘਾਟ

## ਬਚਾਅ ਲਈ ਉਪਰਾਲੇ


1. ਐਂਟੀਮਾਈਕ੍ਰੋਬੀਅਲ ਦਵਾਈਆਂ ਅਤੇ ਇਸ ਦੀ ਵਰਤੋਂ ਉਤੇ ਜਾਗਰੂਕਤਾ।
2. ਡਾਕਟਰ ਵਲੋਂ ਦਸੇ ਗਏ ਸਮੇਂ ਅਤੇ ਸਹੀ ਖੁਰਾਕ ਦੀ ਵਰਤੋਂ।
3. ਝੋਲਾਛਾਪ ਡਾਕਟਰਾ ਤੋਂ ਬਚਾਅ।
4. ਸਫਾਈ ਦਾ ਖਿਆਲ ਰੱਖੋ।
5. ਜੇਕਰ ਤੁਹਾਡੇ ਪਸ਼ੂਆਂ ਵਿੱਚ ਐਂਟੀਮਾਈਕ੍ਰੋਬੀਅਲ ਦਵਾਈਆਂ ਦੀ ਵਰਤੋਂ ਹੋ ਰਹੀ ਹੈ, ਤਾਂ ਉਹ ਪਸ਼ੂ ਦਾ ਦੁੱਧ ਨਿਰਧਾਰਿਤ ਸਮੇਂ ਲਈ ਨਾ ਵਰਤੋਂ ਅਤੇ ਨਾ ਹੀ ਵੇਚੋ।
6. ਦੁੱਧ ਅਤੇ ਮੀਟ ਚੰਗੀ ਤਰਾਂ ਉਬਾਲ ਕੇ ਅਤੇ ਪਕਾ ਕੇ ਖਾਓ।




(ਡਾ. ਰਣਧੀਰ ਸਿੰਘ, ਡਾ. ਰਵਨੀਤ ਕੌਰ)

## ਘੋਗਿਆਂ ਰਾਹੀਂ ਫੈਲਣ ਵਾਲੇ ਚਪਟੇ ਪਰਜੀਵੀ ਰੋਗ

ਜੇਕਰ ਘੋਗਿਆਂ ਦੀ ਗੱਲ ਕਰੀਏ ਤਾਂ ਇਹ ਜ਼ਿਆਦਾਤਰ ਤਾਜ਼ੇ ਵਗਦੇ ਪਾਣੀ ਵਾਲੇ ਖੇਤਰ ਜਿਵੇਂਕਿ ਛੱਪੜਾਂ/ਤਲਾਬਾਂ, ਝੀਲਾਂ, ਨਹਿਰਾਂ, ਜਾਂ ਫਿਰ ਖੜ੍ਹੇ ਪਾਣੀ ਦੇ ਸਰੋਤਾਂ ਜਿਵੇਂਕਿ ਟੋਇਆਂ, ਟੋਬ੍ਹਿਆਂ, ਸੇਮ ਵਾਲੇ ਇਲਾਕੇ ਅਤੇ ਕਈ ਵਾਰ ਝੋਨੇ ਦੇ ਖੇਤਾਂ ਵਿੱਚ ਪਨਪਦੇ ਹਨ ।ਘੋਗਿਆਂ ਦੀ ਪ੍ਰਜਨਣ ਸਮਰੱਥਾ ਕਾਫੀ ਤੀਬਰ ਹੁੰਦੀ ਹੈ ਅਤੇ ਇਹ ਉਚਿੱਤ ਜਲਵਾਯੂ ਮਿਲਣ ਤੇ ਹਰ ਮਹੀਨੇ 100-400 ਆਂਡੇ ਦੇ ਸਕਦੇ ਹਨ ਤੇ ਆਪਣਾ ਜੀਵਨ ਚੱਕਰ ਲਗਭਗ 1 ਮਹੀਨੇ ਵਿੱਚ ਪੂਰਾ ਕਰ ਲੈਂਦੇ ਹਨ ਅਤੇ ਥੋੜੇ ਸਮੇਂ ਵਿੱਚ ਇੰਨ੍ਹਾਂ ਦੀ ਸੰਖਿਆ ਕਾਫੀ ਵੱਧ ਜਾਂਦੀ ਹੈ । ਪਸ਼ੂਆਂ ਵਿੱਚ ਬਿਮਾਰੀਆਂ ਫੈਲਾਉਣ ਤੋਂ ਇਲਾਵਾ ਘੋਗਿਆਂ ਦੀ ਬਹੁਸੰਖਿਆ ਕਾਰਨ ਖੇਤੀਬਾੜੀ ਵਿੱਚ ਵੀ ਨੁਕਸਾਨ ਹੁੰਦਾ ਹੈ ਕਿਉਂਕਿ ਇਹ ਬੂਟਿਆਂ, ਬੀਜਾਂ, ਫਲਾਂ, ਸਬਜੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ । ਪਸ਼ੂਆਂ ‘ਚ ਚਪਟੇ ਪਰਜੀਵੀ ਰੋਗ ਸੰਖ ਜਾਂ ਜਲੇਬੀ ਘੋਗਿਆਂ ਰਾਹੀਂ ਫੈਲਦੇ ਹਨ।




### ਰੋਗਾਂ ਦੇ ਲੱਛਣ

- ਖੂਨ ਦੀ ਕਮੀ
- ਪਾਣੀ ਵਰਗੀ ਬਦਬੂਦਾਰ ਮੋਕ
- ਜਬਾੜੇ ਹੇਠ ਪਾਣੀ ਭਰਨਾ
- ਦੁੱਧ ਦਾ ਘੱਟ ਜਾਣਾ
- ਕੱਟੜੂਆਂ/ਵੱਛੜੂਆਂ ਦਾ ਗੋਹਾ ਸਖਤ ਅਤੇ ਅੰਤ ਕਬਜ਼ ਹੋਣਾ
- ਜ਼ਿਆਦਾ ਪਿਆਸ ਲਗਣਾ

### ਰੋਕਥਾਮ ਦੇ ਤਰੀਕੇ

- ਪਸ਼ੂ ਚਕਿਤਸਕ ਦੀ ਸਲਾਹ ਨਾਲ ਹੀ ਬਿਮਾਰ ਪਸ਼ੂਆਂ ਦਾ ਇਲਾਜ ਕਰਵਾਉ
- ਜਾਨਵਰਾਂ ਨੂੰ ਸਾਲ ਵਿੱਚ 1-2 ਵਾਰ ਕਿਰਮ ਰਹਿਤ ਕਰਵਾਉ
- ਪੱਠਿਆਂ ਦਾ ਅਚਾਰ 30-45 ਦਿਨਾਂ ਬਾਅਦ ਹੀ ਪਸ਼ੂਆਂ ਨੂੰ ਦਿਉ
- ਟਰਾਈਕਲਾਬੈਂਡਾਜ਼ੋਲ, ਆਕਸੀਕਲੋਜ਼ਾਨਾਈਡ, ਰੈਫੋਕਸਾਨਾਈਡ ਦਵਾਈਆਂ ਅਸਰਦਾਰ ਹਨ
- ਬਿਮਾਰ ਪਸ਼ੂ ਦੇ ਗੋਹੇ ਦੀ ਜਾਂਚ ਜ਼ਰੂਰ ਕਰਵਾਓ

### ਘੋਗਿਆਂ ਦੀ ਰੋਕਥਾਮ ਦੇ ਉਪਰਾਲੇ

- ਛੱਪੜਾਂ/ਸ਼ੈਡਾਂ/ਚੱਬਚਿਆਂ ਦੀ ਸਫਾਈ ਰੱਖੋ
- ਘੋਗੇ ਮਾਰਨ ਲਈ ਨਿਕਲੋਸਾਮਾਇਡ (0.33 ਪੀਪੀਐੱਮ); ਨੀਲਾ ਥੋਥਾ (30 ਪੀਪੀਐੱਮ); ਸੋਡੀਅਮ ਪੈਂਟਾਕੋਰਫੀਨੇਟ (50-80 ਪੀਪੀਐੱਮ) ਦੀ ਵਰਤੋਂ (ਬਸੰਤ ਅਤੇ ਮੱਧ-ਗਰਮੀ ਦੀਆਂ ਰੁੱਤਾਂ ਵਿੱਚ)
- ਨਿੰਮ, ਧਤੂਰਾ, ਅੱਕ, ਸ਼ੀਕਾਕਾਈ, ਸਫੇਦਾ, ਆਂਵਲਾ, ਰੀਠੇ ਨਾਲ ਰੋਕਥਾਮ
- ਮੱਛੀ ਤੇ ਬਤੱਖ ਪਾਲਣ ਨਾਲ ਰੋਕਥਾਮ
- ਘੋਗਿਆਂ ਦੀ ਬਹੁਤਾਤ ਵਾਲੀਆਂ ਥਾਂਵਾਂ ਕੋਲ ਪਸ਼ੂ ਨਾ ਚਰਾਉ
- ਛੱਪੜਾਂ ਦੇ ਆਸੇ-ਪਾਸੇ ਵਾੜ ਲਗਾਉ

(ਡਾ. ਹਰਕੀਰਤ ਸਿੰਘ ਅਤੇ ਡਾ. ਜੋਤੀ)

# ਪਸਾਰ ਸਿੱਖਿਆ ਲਈ ਨਿਵੇਕਲੀ ਤਕਨੀਕ:3-ਡੀ ਪ੍ਰਿੰਟਿੰਗ

ਖੇਤੀਬਾੜੀ ਅਤੇ ਵੈਟਨਰੀ ਯੂਨੀਵਰਸਿਟੀਆਂ ਨੇ ਪਸਾਰ ਸਿੱਖਿਆ ਰਾਹੀਂ ਕਿਸਾਨਾਂ ਤੱਕ ਵਿਗਆਨਕ ਜਾਣਕਾਰੀ ਪਹੁੰਚਾਉਣ ਲਈ ਸਮੇਂ ਸਮੇਂ ਸਿਰ ਅਜੋਕੀ ਤਕਨਾਲੋਜੀ ਦੀ ਵਰਤੋਂ ਕੀਤੀ ਹੈ, ਜਿਵੇਂ ਕਿ ਟੈਲੀਫੂਨ, ਵੈਬਸਾਈਟ, ਮੋਬਾਇਲ ਐਪਲੀਕੇਸ਼ਨਜ, ਮੂਕਸ ਆਦਿ । ਇਹਨਾਂ ਵਿਅਕਤੀਗਤ ਜਾਂ ਦੂਰ ਸੰਚਾਰ ਦੇ ਸਾਧਨਾਂ ਰਾਹੀਂ ਪਸਾਰ ਸਿੱਖਿਆ ਵਿਭਾਗਾਂ ਵੱਲੋਂ ਕਿਸਾਨਾਂ ਨੂੰ ਲਿਖਤੀ ਰੂਪ ਜਾਂ 2-ਡੀ ਤਸਵੀਰਾਂ, ਵੀਡੀਓ ਰਾਹੀਂ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਕਈ ਵਾਰ ਅਜਿਹੀ ਸੂਚਨਾ ਦੀ ਪ੍ਰਵਾਨਗੀ ਸਬੰਧਤ ਕਿਸਾਨਾਂ ਦੇ ਤਜ਼ਰਬੇ ਅਤੇ ਉਹਨਾਂ ਦੀ ਕਲਪਨਾ ਤੇ ਨਿਰਭਰ ਕਰਦੀ ਹੈ। ਜਦੋਂ ਕਿ 3-ਡੀ ਮਾਡਲ ਦੇ ਰੂਪ ਵਿੱਚ ਜਾਣਕਾਰੀ  ਕਿਸਾਨਾਂ ਲਈ ਸਿੱਧੇ ਤੌਰ ਤੇ ਅਸਰਦਾਰ ਅਤੇ ਉਹਨਾਂ ਨੂੰ ਸਬੰਧਤ ਭੌਤਿਕ ਮਾਡਲ ਨੂੰ ਸਮਝਣ ਵਿੱਚ ਸਹਾਈ ਹੋ ਸਕਦੀ ਹੈ।






ਅਜਿਹੀ ਸਥਿਤੀ ਵਿੱਚ 3-ਡੀ ਪ੍ਰਿੰਟਿੰਗ ਪਸਾਰ ਸਿੱਖਿਆ ਲਈ ਵਰਦਾਨ ਵਜੋਂ ਉਭਰ ਕੇ ਸਾਹਮਣੇ ਆਈ ਹੈ। ਇਸ ਤਕਨਾਲੋਜੀ ਰਾਹੀਂ ਕਿਸੇ ਵੀ ਸਥਿਤੀ, ਮਾਡਲ, ਅੰਗ, ਬਿਮਾਰੀ ਜਾਂ ਵਿਸ਼ਾਣੂ ਆਦਿ ਦਾ ਤਿੰਨ ਪਾਸੜ ਭੌਤਿਕ ਮਾਡਲ ਤਿਆਰ ਕਰਕੇ ਕਿਸਾਨਾਂ ਦੀ ਜਾਣਕਾਰੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਹ ਮਾਡਲ ਯਥਾਰਥ ਦੇ ਬਿੱਲਕੁਲ ਹੂਬਹੂ ਹੁੰਦਾ ਹੈ। ਕਈ ਵਾਰ ਮਾਡਲ ਦਾ ਢਾਂਚਾ ਇੰਨਾ ਗੁੰਝਲਦਾਰ ਹੁੰਦਾ ਹੈ ਕਿ ਉਸ ਨੂੰ ਹੱਥ ਨਾਲ ਤਿਆਰ ਕਰਨਾ ਜਾਂ ਉਸ ਦੀ ਸਹੀ ਅਤੇ ਸਟੀਕ ਡਰਾਇੰਗ ਬਣਾਉਣਾ ਮੁਸ਼ਕਿਲ ਹੋ ਜਾਂਦਾ ਹੈ। 3-ਡੀ ਪ੍ਰਿੰਟਿੰਗ ਰਾਹੀਂ ਇਸ ਸਮੱਸਿਆ ਤੋਂ ਨਿਜ਼ਾਤ ਪਾਇਆ ਜਾ ਸਕਦਾ ਹੈ ।

### 3-ਡੀ ਮਾਡਲ ਦੀਆਂ ਕੁਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

1) ਇਹ ਅਸਲੀਅਤ ਦੀ ਹੂਬਹੂ ਕਾਪੀ ਹੁੰਦਾ ਹੈ ਅਤੇ ਅਕਾਰ ਨੂੰ ਲੋੜ ਅਨੁਸਾਰ ਵੱਡਾ-ਛੋਟਾ ਕੀਤਾ ਜਾ ਸਕਦਾ ਹੈ।

2) 3-ਡੀ ਮਾਡਲ ਤਿੰਨ ਪਾਸੜ ਹੋਣ ਕਰਕੇ ਆਮ ਲੋਕਾਂ, ਕਿਸਾਨਾਂ ਨੂੰ ਤਕਨੀਕ ਅਤੇ ਪ੍ਰਕਿਰਿਆ ਸਮਝਣ ਵਿੱਚ ਅਸਾਨੀ ਹੁੰਦੀ ਹੈ।

3) ਇਹ ਮਾਡਲ ਹਲਕੇ ਹੋਣ ਕਰਕੇ ਇੱਕ ਥਾਂ ਤੋਂ ਦੂਸਰੀ ਥਾਂ ਅਸਾਨੀ ਨਾਲ ਲਿਜਾਏ ਜਾ ਸਕਦੇ ਹਨ ਅਤੇ ਕਿਸੇ ਵੀ ਜਗ੍ਹਾ ਤੇ ਪ੍ਰਦਰਸ਼ਿਤ ਕੀਤੇ ਜਾ ਸਕਦੇ ਹਨ।

4) 3-ਡੀ ਮਾਡਲ ਵਿੱਚ ਵੱਖ ਵੱਖ ਰੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੋ ਕਿ ਤਕਨੀਕੀ ਪ੍ਰਕਿਰਿਆ ਸਮਝਣ ਨੂੰ ਹੋਰ ਸੁਖਾਲਾ ਬਣਾ ਦਿੰਦਾ ਹੈ।

5) ਇੱਕ ਵਾਰ 3-ਡੀ ਮਾਡਲ ਸਾਫਟਵੇਅਰ ਵਿੱਚ ਤਿਆਰ ਹੋਣ ਤੋਂ ਬਾਅਦ ਇਸ ਦੇ ਬਹੁਗਿਣਤੀ ਪ੍ਰਤੀਰੂਪ ਤਿਆਰ ਕੀਤੇ ਜਾ ਸਕਦੇ ਹਨ।

6) ਇਹ ਮਾਡਲ ਬਿਨਾਂ ਕਿਸੇ ਰਸਾਇਣ ਤੋਂ ਪ੍ਰਯੋਗਸ਼ਾਲਾ/ ਅਜਾਇਬ ਘਰ ਵਿੱਚ ਸਾਂਭੇ ਜਾ ਸਕਦੇ ਹਨ।

7) ਕਿਸਾਨਾਂ ਅਤੇ ਵਿਦਿਆਰਥੀਆਂ ਨੂੰ ਦੁਰਲੱਭ ਬਿਮਾਰੀਆਂ ਦੇ ਲੱਛਣਾਂ ਸਬੰਧੀ ਜਾਣਕਾਰੀ ਦੇਣ ਵਿੱਚ ਸਹਾਈ ਹਨ।

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਦੁਆਰਾ ਰਾਸਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) ਦੇ ਪ੍ਰੋਜੈਕਟ ਅਧੀਨ ਖਰੀਦੇ 3-ਡੀ ਪ੍ਰਿੰਟਰ ਦੀ ਵਰਤੋਂ ਕਿਸਾਨਾਂ ਦੇ ਗਿਆਨ ਵਿੱਚ ਇਜਾਫਾ ਕਰਨ ਲਈ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੁਆਰਾ ਤਿਆਰ ਕੀਤਾ ਮੱਝਾਂ ਦੇ ਫਾਰਮ ਦਾ ਮਾਡਲ ਜੋ ਕਿ ਖੇਤਰੀ ਖੋਜ ਅਤੇ ਸਿਖਲਾਈ ਕੇਂਦਰ ਬੂਹ ਵਿਖੇ ਸਥਾਪਿਤ ਨੀਲੀ ਰਾਵੀ ਮੱਝਾਂ ਦੇ ਫਾਰਮ ਦੀ ਛੋਟੇ ਪੈਮਾਨੇ ਤੇ ਅਸਲ ਕਾਪੀ ਹੈ, ਨੂੰ ਸਤੰਬਰ, 2022 ਵਿੱਚ ਯੂਨੀਵਰਸਿਟੀ ਵਿਖੇ ਹੋਏ ਪਸ਼ੂ ਪਾਲਣ ਮੇਲੇ ਤੇ ਪ੍ਰਦਰਸ਼ਿਤ ਕੀਤਾ ਗਿਆ, ਜਿਸ ਨੂੰ ਕਿ ਕਿਸਾਨਾਂ ਵੱਲੋਂ ਭਰਭੂਰ ਹੁੰਗਾਰਾ ਮਿਲਿਆ। ਇਸੇ ਤਰ੍ਹਾਂ ਹੀ 3-ਡੀ ਪ੍ਰਿੰਟਰ ਨਾਲ ਤਿਆਰ ਕੀਤੀ ਗਈ "ਰੋਟੋਐਜੂਕੇਟਰ" ਮਸ਼ੀਨ ਵੀ ਮੇਲੇ ਵਿੱਚ ਪਬਲਿਕ ਹੈਲਥ ਵਿਭਾਗ ਦੀ ਸਟਾਲ ਤੇ ਪ੍ਰਦਰਸ਼ਿਤ ਕੀਤੀ ਗਈ। ਇਸ ਤੋਂ ਇਲਾਵਾ ਯੂਨੀਵਰਸਿਟੀ ਦੁਆਰਾ ਬੈਕਟੀਰੀਆ, ਕਰੋਨਾ, ਡੀਐਨਏ, ਮੱਝਾਂ, ਗਾਵਾਂ, ਸੂਰਾਂ ਆਦਿ ਦੇ ਮਾਡਲ ਵੀ ਤਿਆਰ ਕੀਤੇ ਗਏ ਹਨ।










3-ਡੀ ਮਾਡਲ ਦੀ ਵਰਤੋਂ ਕਿਸਾਨਾਂ ਨੂੰ ਪਸ਼ੂਆਂ ਦੀਆਂ ਬਿਮਾਰੀਆਂ ਤੋਂ ਜਾਣੂ ਕਰਵਾਉਣ ਲਈ ਵੀ ਕੀਤੀ ਜਾ ਸਕਦੀ ਹੈ। ਇਸ ਦਿਸ਼ਾ ਵਿੱਚ ਲੰਪੀ ਸਕਿਨ ਬਿਮਾਰੀ ਤੋਂ ਗ੍ਰਹਿਸਤ ਗਾਂ ਦਾ ਮਾਡਲ ਵੀ ਤਿਆਰ ਕੀਤਾ ਗਿਆ ਹੈ। ਪਸ਼ੂਆਂ ਦੀ ਸਹੀ ਦੇਖ—ਭਾਲ ਲਈ ਕਿਸਾਨਾਂ ਲਈ ਇਹਨਾਂ ਦੀ ਸਰੀਰਕ ਬਣਤਰ ਨੂੰ ਸਮਝਣਾ ਵੀ ਬਹੁਤ ਜਰੂਰੀ ਹੈ। ਯੂਨੀਵਰਸਿਟੀ ਨੇ ਪਸ਼ੂਆਂ ਦੇ ਸਰੀਰਕ ਅੰਗਾਂ ਦੇ ਮਾਡਲ ਵੀ ਤਿਆਰ ਕੀਤੇ ਹਨ । ਸਾਡੀ ਜਾਣਕਾਰੀ ਮੁਤਾਬਿਕ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਕਿਸਾਨਾਂ ਦੀ ਸਿੱਖਿਆ ਲਈ 3-ਡੀ ਪ੍ਰਿੰਟਿੰਗ ਕਰਨ ਵਾਲੀ ਉੱਤਰ ਭਾਰਤ ਦੀ ਪਹਿਲੀ ਯੂਨੀਵਰਸਿਟੀ ਹੈ। ਉਪਰੋਕਤ ਵਿਧੀ ਵਿੱਚ 3-ਡੀ ਮਾਡਲ ਤਿਆਰ ਕਰਨ ਦਾ ਕੰਮ ਸਭ ਤੋਂ ਔਖਾ ਤੇ ਸਮੇਂ ਦੀ ਖਪਤ ਵਾਲਾ ਹੈ, ਜਿਸ ਲਈ 3-ਡੀ ਮਾਡਲਿੰਗ ਸਾਫਟਵੇਅਰ ਦੀ ਵਰਤੋਂ ਦੀ ਜਾਣਕਾਰੀ ਹੋਣਾ ਜਰੂਰੀ ਹੈ। ਕੁਝ ਵੈਬਸਾਈਟਾਂ ਉਪਰ 3-ਡੀ ਮਾਡਲ ਮੁਫਤ ਵੀ ਮਿਲ ਜਾਂਦੇ ਹਨ। ਇਹਨਾਂ ਕੁਝ ਕੁ ਮੁਸ਼ਕਲਾਂ ਦੇ ਬਾਵਜੂਦ 3—ਡੀ ਪ੍ਰਿੰਟਿੰਗ ਘੱਟ ਕੀਮਤ ਤੇ ਲੋੜੀਂਦੇ ਮਾਡਲ ਤਿਆਰ ਕਰ ਕਿਸਾਨਾਂ ਦੇ ਗਿਆਨ ਵਿੱਚ ਇਜ਼ਾਫ਼ਾ ਕਰਨ ਲਈ ਨਵੇਕਲੀ ਅਤੇ ਪ੍ਰਭਾਵਸਾਲੀ ਤਕਨਾਲੋਜੀ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ ਹੈ। ਭਵਿੱਖ ਵਿੱਚ 3 ਡੀ ਪ੍ਰਿੰਟਿੰਗ ਤਕਨਾਲੋਜੀ ਵਿੱਚ ਹੋਰ ਸੁਧਾਰ ਹੋਣ ਨਾਲ ਪ੍ਰਿੰਟਿੰਗ ਦੀ ਰਫਤਾਰ ਵਿੱਚ ਵਾਧਾ ਹੋ ਸਕਦਾ ਹੈ ਅਤੇ 3-ਡੀ ਪ੍ਰਿੰਟਰ ਕਿਫਾਇਤੀ ਕੀਮਤਾਂ ਤੇ ਉਪਲਬਧ ਹੋ ਸਕਦੇ ਹਨ।

(ਡਾ. ਨਿਰਮਲ ਸਿੰਘ, ਡਾ. ਹਰਮਨਜੀਤ ਸਿੰਘ ਬਾਂਗਾ, ਡਾ. ਜਸਵਿੰਦਰ ਸਿੰਘ)

## ਨਵੰਬਰ- ਦਸੰਬਰ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਸਰਦੀਆਂ ਦੇ ਮੌਸਮ ਦੌਰਾਨ ਪਸ਼ੂਆਂ ਦੀ ਦੇਖਭਾਲ ਦੇ ਢੰਗਾਂ ਵਿੱਚ ਕਈ ਬਦਲਾਅ ਕਰਨ ਦੀ ਲੋੜ ਪੈਂਦੀ ਹੈ। ਪਸ਼ੂਆਂ ਦੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਖੁਰਾਕ ਵਿੱਚ ਜ਼ਰੂਰੀ ਮਾਤਰਾ ਵਿੱਚ ਨਿਸ਼ਾਸਤਾ ਹੋਣੀ ਬਹੁਤ ਜ਼ਰੂਰੀ ਹੈ। ਪਸ਼ੂਆਂ ਦੇ ਢਾਰਿਆਂ ਦੀ ਸਫ਼ਾਈ ਕਰਕੇ ਫ਼ਰਸ਼ 'ਤੇ ਪਰਾਲੀ ਵਿਛਾਈ ਜਾ ਸਕਦੀ ਹੈ ਤਾਂ ਕਿ ਪਸ਼ੂਆਂ ਨੂੰ ਠੰਡ ਤੋਂ ਬਚਾਇਆ ਜਾ ਸਕੇ। ਗਰਮੀ ਦਾ ਦਬਾਅ ਖਤਮ ਹੋਣ ਕਾਰਨ ਪਸ਼ੂ ਹੇਹੇ ਦੇ ਲੱਛਣ ਵਿਖਾ ਸਕਦੇ ਹਨ।

### ਡੇਅਰੀ ਫ਼ਾਰਮਿੰਗ

ਨਵੰਬਰ ਦੇ ਸ਼ੁਰੂ ਵਿੱਚ ਜਵੀ ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ।

ਬਿਜਾਈ ਕਰਨ ਵੇਲੇ ਖਾਦਾਂ ਦੀ ਮਾਤਰਾ ਲੋੜ ਅਨੁਸਾਰ ਹੀ ਵਰਤੋ।

ਪਸ਼ੂਆਂ ਨੂੰ ਗਰਮੀਆਂ ਵਾਲੀ ਖੁਰਾਕ ਦੇ ਮੁਕਾਬਲੇ ਸਰਦੀਆਂ ਦੌਰਾਨ ਹਜ਼ਮ ਹੋਣ ਵਾਲੀ ਪ੍ਰੋਟੀਨ 2% ਤੱਕ ਘੱਟ ਕਰ ਦਿਉ।

ਸ਼ੈੱਡ ਦੇ ਅੰਦਰ ਸਿੱਧੀ ਧੁੱਪ ਪੈਣ ਦਾ ਇੰਤਜ਼ਾਮ ਕਰੋ। ਧੁੱਪ ਕੁਦਰਤੀ ਕਿਟਾਣੂ ਨਾਸ਼ਕ ਦਾ ਕੰਮ ਕਰਦੀ ਹੈ।

### ਬੱਕਰੀ ਪਾਲਣ

ਬੱਕਰੀਆਂ ਵਿੱਚ ਹੇਹੇ ਦੇ ਲੱਛਣਾਂ ਦਾ ਖਿਆਲ ਕਰੋ ਅਤੇ ਨਿਸ਼ਾਨੀਆਂ ਦੇ ਅਨੁਸਾਰ ਮਿਲਾਪ ਕਰਵਾਉ।

ਜੇਕਰ ਬੱਕਰੀ ਨੂੰ ਸਾਹ ਦੀ ਤਕਲੀਫ਼ ਦੇ ਨਾਲ ਬੁਖਾਰ ਹੋਵੇ ਤਾਂ ਤੁਰੰਤ ਜਾਂਚ ਕਰਵਾ ਕੇ ਇਲਾਜ ਕਰਵਾਉ। ਇਹ ਪਾਸਚੱਰੈਲੋਸਿਸ ਬਿਮਾਰੀ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਇਲਾਜ ਵਿੱਚ ਦੇਰੀ ਹੋਣ ਨਾਲ ਬੱਕਰੀ ਦੀ ਮੌਤ ਵੀ ਹੋ ਸਕਦੀ ਹੈ।

ਮਿਲਾਪ ਲਈ ਵਰਤਣ ਵਾਲੇ ਬੋਕ ਨੂੰ ਚਾਰੇ ਦੇ ਨਾਲ 300 ਗ੍ਰਾਮ ਖੁਰਾਕ ਰੋਜ਼ਾਨਾ ਦਿੰਦੇ ਰਹੋ।

### ਮੁਰਗੀ ਪਾਲਣ

ਆਂਡੇ ਦੇਣ ਵਾਲੀਆਂ ਮੁਰਗੀਆਂ ਨੂੰ ਰੋਜ਼ਾਨਾ 16 ਘੰਟੇ ਰੋਸ਼ਨੀ ਜ਼ਰੂਰ ਮਿਲਣੀ ਚਾਹੀਦੀ ਹੈ।

ਆਂਡੇ ਵਾਲੀਆਂ ਮੁਰਗੀਆਂ ਦੀ ਖੁਰਾਕ ਵਿੱਚ ਵਧੀਆ ਮਿਆਰ ਦਾ ਕੈਲਸ਼ੀਅਮ ਹੋਣਾ ਬਹੁਤ ਜ਼ਰੂਰੀ ਹੈ।

ਠੰਡੀ ਹਵਾ ਤੋਂ ਬਚਾਅ ਲਈ ਮੁਰਗੀਆਂ ਦੇ ਸ਼ੈੱਡ ਦੇ ਪਰਦੇ ਉੱਪਰ ਚੱਕ ਦਿਉ।

ਸ਼ੈੱਡ ਦੇ ਅੰਦਰ ਨਿੱਘ ਦਾ ਪ੍ਰਬੰਧ ਕਰੋ।

### ਸੂਰ ਪਾਲਣ

ਸੂਰਾਂ ਦੇ ਸ਼ੈੱਡ ਅੰਦਰ ਫ਼ਰਸ਼ ਵਿੱਚ ਸਿਲ੍ਹ ਨਾ ਰਹਿਣ ਦਿਉ।

ਸੂਰਾਂ ਨੂੰ ਚਮੜੀ ਦੀਆਂ ਬਿਮਾਰੀਆਂ ਦੀਆਂ ਨਿਸ਼ਾਨੀਆਂ ਲਈ ਗਹੁ ਨਾਲ ਦੇਖੋ।

### ਮੱਛੀ ਪਾਲਣ

ਤਲਾਅ ਨੂੰ ਰੋਗਾਣੂ ਰਹਿਤ ਕਰਨ ਲਈ ਸੀਫ਼ੈਕਸ (400 ਮਿ.ਲੀ/ ਏਕੜ) ਜਾਂ ਲਾਲ ਦਵਾਈ (400-500 ਗ੍ਰਾਮ/ ਏਕੜ) ਵਰਤੋ।

ਤਾਪਮਾਨ ਘਟਣ ਨਾਲ ਮੱਛੀ ਦੀ ਖੁਰਾਕ ਵੀ 25-75% ਘੱਟ ਕਰ ਦਿਉ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ, ਡਾ. ਰਾਕੇਸ਼ ਸ਼ਰਮਾ, ਡਾ. ਵਨੀਤਇੰਦਰ ਕੋਰ)